(1)

ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ
Punjab State Commission for Minorities
Forest Complex, Sector 68, S.A.S Nagar
Tel. 0172-2298094,Fax2298080 Email pb.minoritycomm@gmail.com

ਸੇਵਾ ਵਿਖੇ

ਵੱਧੀਕ ਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ,
ਮਾਲ, ਮੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ।
(ਜ਼ਗੀਰ ਸ਼ਾਖਾ)

ਮੀਮੋ ਨੰ: 01/03 /2020/ਕਮਿਸ਼ਨ/ 285
ਮਿਤੀ 15/6/2020

ਵਿਸ਼ਾ:- ਚਰਚ ਪ੍ਰਾਪਰਟੀਜ਼ ਸਬੰਧੀ ਮਾਨਯੋਗ ਜੱਜ ਸ਼੍ਰੀ ਰਜੇਸ਼ ਬਿੰਦਲ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਮਿਤੀ 04-09-2009 ਨੂੰ ਪਾਸ ਕੀਤੇ ਹੁਕੱਮਾਂ ਨੂੰ ਲਾਗੂ ਕਰਨ ਸਬੰਧੀ।

--

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: 11/48/2019-ਜ-3/4444, ਮਿਤੀ 02-03-2020 ਦੇ ਹਵਾਲੇ ਵਿੱਚ।

2. ਮਾਨਯੋਗ ਜੱਜ ਸ਼੍ਰੀ ਰਜੇਸ਼ ਬਿੰਦਲ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਚਰਚ ਪ੍ਰਾਪਰਟੀਜ਼ ਸਬੰਧੀ ਪਾਸ ਕੀਤੇ ਹੁੱਕਮ ਮਿਤੀ 04-09-2009 ਦੀ ਪਾਲਣਾ ਹਿੱਤ ਮਾਲ ਅਤੇ ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ ਵੱਲੋ ਪੱਤਰ ਨੰ: 5/1/2019-ਜ-1/1226-1252, ਮਿਤੀ 25-01-2019 ਰਾਹੀਂ ਸਮੂਹ ਮੰਡਲ ਕਮਿਸ਼ਨਰਜ਼ ਅਤੇ ਡਿਪਟੀ ਕਮਿਸ਼ਨਰਜ਼ ਨੂੰ ਹਦਾਇਤਾਂ ਕੀਤੀਆਂ ਹਨ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਅਜਿਹੀ ਕਿਸੇ ਵੀ ਧਾਰਮਿਕ ਜਾਇਦਾਦ ਤੇ ਨਜਾਇਜ਼ ਕਬਜ਼ਾ ਨਾ ਹੋਵੇ ਅਤੇ ਚਰਚ ਦੀਆਂ ਅਜਿਹੀਆਂ ਜਾਇਦਾਦਾਂ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁੱਕਮਾਂ ਅਨੁਸਾਰ ਕਾਨੂੰਨੀ ਤੌਰ ਤੇ ਸੁਰੱਖਿਅਤ ਹੋਣੀਆਂ ਚਾਹੀਦੀਆਂ ਹਨ। ਇਹਨਾ ਹਦਾਇਤਾਂ ਦੇ ਬਾਵਜੂਦ ਕਮਿਸ਼ਨ ਵਿੱਚ ਅਜਿਹੀਆਂ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ ਕਿ ਅਜੇ ਵੀ ਧਾਰਮਿਕ ਸੰਸਥਾਵਾਂ ਦੀਆਂ ਜਾਇਦਾਦਾਂ ਅਤੇ ਚਰਚ ਅਤੇ ਮਿਸ਼ਨਜ਼ ਦੀਆਂ ਪ੍ਰਾਪਰਟੀਜ਼ ਤੇ ਨਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਚਰਚਾਂ ਦੀਆਂ ਜਾਇਦਾਦਾਂ ਨੂੰ ਵੇਚਣ ਸਬੰਧੀ ਕਮਿਸ਼ਨ ਨੂੰ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ ਅਤੇ ਵੀ 50 ਤੋਂ 60 ਪ੍ਰਤੀਸ਼ਤ ਸ਼ਕਾਇਤਾਂ ਚਰਚਾਂ/ਮਿਸ਼ਨਾਂ ਦੀਆਂ ਜਾਇਦਾਦਾਂ ਤੇ ਨਜਾਇਜ਼ ਕਬਜੇ ਜਾਂ ਅਣ ਅਧਿਕਾਰਤ ਤੌਰ ਤੇ ਵੇਚਣ ਸਬੰਧੀ ਪ੍ਰਾਪਤ ਹੁੰਦੀਆਂ ਹਨ। ਅਜਿਹੀ ਸਥਿਤੀ ਨੂੰ ਵੇਖਦਿਆਂ ਕਮਿਸ਼ਨ ਨੇ ਮਾਨਯੋਗ ਹਾਈ ਕੋਰਟ ਦੇ ਆਦੇਸ਼ਾਂ ਨੂੰ ਲਾਗੂ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਕਮਿਸ਼ਨ ਨੇ ਮਿਤੀ 16-03-2020 ਨੂੰ ਹੋਈ ਮੀਟਿੰਗ ਵਿੱਚ ਇਸ ਮਾਮਲੇ ਤੇ ਵਿਸਥਾਰ ਨਾਲ ਵਿਚਾਰ ਵਟਾਂਗਾ ਕੀਤਾ ਅਤੇ ਇਹ ਫੈਸਲਾ ਲਿਆ ਕਿ ਧਾਰਮਿਕ ਸੰਸਥਾਵਾਂ ਅਤੇ ਚਰਚ/ ਮਿਸ਼ਨ ਪ੍ਰਾਪਰਟੀਜ਼ ਦੀ ਸੰਪਤੀ ਨੂੰ ਅਣ-ਅਧਿਕਾਰਤ ਵਿਅਕਤੀਆਂ ਵੱਲੋਂ ਵੇਚਣ ਤੋਂ ਰੋਕਣ ਅਤੇ ਇਹਨਾ ਤੇ ਨਜਾਇਜ਼ ਕਬਜ਼ੇ ਰੋਕਣ ਲਈ ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ, ਪੰਜਾਬ ਦੁਆਰਾ ਇਕ ਕਮੇਟੀ ਗਠਤ ਕੀਤੀ

ਜਾਵੇ, ਜਿਸ ਵਿੱਚ ਹੇਠ ਲਿਖੇ ਮੈਂਬਰਾਂ ਨੂੰ ਨਾਮਜ਼ਦ ਕੀਤਾ ਜਾਵੇ:-

| ਲੜੀ ਨੰ: | ਮੌਜੂਦਾ ਆਹੁਦਾ | ਕਮੇਟੀ ਵਿੱਚ ਆਹੁਦਾ |
|---|---|---|
| 1. | ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ | ਚੇਅਰਮੈਨ |
| 2. | ਸੀਨੀਅਰ ਵਾਈਸ-ਚੇਅਰਮੈਨ | ਮੈਂਬਰ |
| 3. | ਵਾਈਸ-ਚੇਅਰਮੈਨ | ਮੈਂਬਰ |
| 4. | ਮੁੱਖ ਸਕੱਤਰ ਦਾ ਨੁੰਮਾਇੰਦਾ | Official ਮੈਂਬਰ |
| 5. | ਸਬੰਧਤ ਜ਼ਿਲੇ ਦਾ ਡਿਪਟੀ ਕਮਿਸ਼ਨਰ ਦਾ ਨੁੰਮਾਇੰਦਾ | Official ਮੈਂਬਰ |
| 6. | ਸਬੰਧਤ ਜ਼ਿਲੇ ਦਾ ਮਾਲ ਵਿਭਾਗ ਦਾ ਅਧਿਕਾਰੀ | Official ਮੈਂਬਰ |
| 7. | ਸਬੰਧਤ ਜ਼ਿਲ੍ਹੇ ਦਾ ਪੁਲਿਸ ਵਿਭਾਗ ਦਾ ਨੁਮਾਇੰਦਾ | Official ਮੈਂਬਰ |
| 8. | ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਵਲੋਂ ਘੱਟ ਗਿਣਤੀ ਭਾਈਚਾਰੇ ਦਾ ਇਕ ਮੈਂਬਰ who has done outstanding work regarding safeguarding the interests minority Community. | Non- Official ਮੈਂਬਰ |
| 9. | ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਵਲੋਂ ਇਕ ਮੈਂਬਰ Legal Expert (legal luminary) and having legal knowledge and has an experience dealing with such legal matters and has done outstanding work regarding safeguarding the interests minority Community | Non- Official ਮੈਂਬਰ |

ਚਰਚ/ਮਿਸ਼ਨ ਦੀ ਕੋਈ ਵੀ ਜਾਇਦਾਦ ਵੇਚਣ ਦੀ ਪਰਵਾਨਗੀ ਲਈ ਉਪਰੋਕਤ ਗਠਿਤ ਕਮੇਟੀ ਨੂੰ ਇਤਰਾਜਹੀਣਤਾ ਸਰਟੀਫਿਕੇਟ ਲਈ ਬੇਨਤੀ ਕੀਤੀ ਜਾਵੇ ਅਤੇ ਕਮੇਟੀ ਸਾਰੇ ਕਾਨੂੰਨੀ ਪੱਖ ਵਿਚਾਰਨ ਉਪਰੰਤ ਇਸ ਸਬੰਧੀ ਇਤਰਾਜਹੀਣਤਾ ਸਰਟੀਫਿਕੇਟ ( No Objection Certificate) ਜਾਰੀ ਕਰੇਗੀ। ਮਾਲ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜ਼ਾਰੀ ਕੀਤੀਆਂ ਜਾਣ ਕਿ ਓਹ ਇਹ ਯਕੀਨੀ ਅਤੇ ਲਾਜਮੀ ਬਣਾਉਣ ਕਿ ਕਿਸੇ ਵੀ ਚਰਚ/ਮਿਸ਼ਨ ਦੀ ਜ਼ਾਇਦਾਦ ਦੀ ਰਜਿਸਟਰੀ ਕਰਨ ਤੋਂ ਪਹਿਲਾ ਉਪਰੋਕਤ ਗਠਿਤ ਕਮੇਟੀ ਵਲੋਂ ਜਾਰੀ ਕੀਤੇ ਗਏ ਇਤਰਾਜ ਹੀਣਤਾ ਸਰਟੀਫਿਕੇਟ ਤੋਂ ਬਿਨਾ ਕੋਈ ਵੀ ਰਜਿਸਟਰੀ ਨਾ ਕਰਨ ਤਾਂ ਜੋ ਅਣ-ਅਧਿਕਾਰਤ ਵਿਅਕਤੀਆਂ ਦੁਆਰਾ ਚਰਚ/ਮਿਸ਼ਨ ਦੀਆਂ ਜ਼ਾਇਦਾਦਾ ਦੀ ਸੇਲ ਤੇ ਰੋਕ ਲਾਈ ਜਾ ਸਕੇ।

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਕਮੇਟੀ ਦਾ ਗਠਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

Imanual Nahar

(ਪ੍ਰੋ:ਇਮਾਨੂੰਏਲ ਨਾਹਰ) 15.06.2020

ਚੇਅਰਮੈਨ

ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ

10

ਪੰਜਾਬ ਸਰਕਾਰ
ਮਾਲ ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਜਗੀਰ ਸਾਖਾ)

ਸੇਵਾ ਵਿਖੇ

ਚੇਅਰਮੈਨ ਪੰਜਾਬ ਘੱਟ ਗਿਣਤੀ ਕਮਿਸਨ,
ਫੋਰੇਸਟ ਕੰਪਲੈਕਸ ਸੈਕਟਰ-68,
ਐਸ.ਏ.ਐਸ.ਨਗਰ।

ਮੀਮੋ ਨੰ: 11/48/2019-ਜ-3/ 8591
ਚੰਡੀਗੜ੍ਹ, ਮਿਤੀ: 23/7/2020

ਵਿਸਾ ਚਰਚ ਪ੍ਰਾਪਰਟੀਜ ਸਬੰਧੀ ਮਾਨਯੋਗ ਜੱਜ ਸ੍ਰੀ ਰਜੇਸ ਬਿੰਦਲ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋ ਮਿਤੀ 29.9.2009 ਨੂੰ ਪਾਸ ਕੀਤੇ ਹੁਕਮਾਂ ਨੂੰ ਲਾਗੂ ਕਰਨ ਸਬੰਧੀ।

ਹਵਾਲਾ: ਆਪ ਦਾ ਪੱਤਰ ਨੰ: 01/03/2020-ਕਮਿਸਨ/285 ਮਿਤੀ 15-06-2020

ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਦਾ ਹੈ ਕਿ ਧਾਰਮਿਕ ਸਥਾਨਾਂ ਦੀਆਂ ਜਾਇਦਾਦਾ ਤੇ ਨਜਾਇਜ ਕੀਤੇ ਕਬਜ਼ਿਆਂ ਨੂੰ ਛਡਵਾਉਣ ਲਈ ਪਹਿਲਾਂ ਹੀ ਮਾਨਯੋਗ ਮੁੱਖ ਸਕੱਤਰ ਜੀ ਦੀ ਪ੍ਰਧਾਨਗੀ ਹੇਠ ਮਿਤੀ 14.1.2019 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਇਸ ਵਿਭਾਗ ਵੱਲੋ 5/1/2019-ਜ-1/1226-1252, ਮਿਤੀ 25.1.2019 (ਕਾਪੀ ਨੱਥੀ) ਰਾਹੀ ਰਾਜ ਦੇ ਸਮੂਹ ਮੰਡਲ ਕਮਿਸਨਰਾਂ ਅਤੇ ਸਮੂਹ ਡਿਪਟੀ ਕਮਿਸਨਰਾਂ ਨੂੰ ਚਰਚ ਦੀਆਂ ਜਮੀਨਾਂ ਸਬੰਧੀ ਕਾਰਵਾਈ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋ ਇਲਵਾ ਸਬੰਧਤ ਜਿਲਿਆਂ ਦੇ ਡਿਪਟੀ ਕਮਿਸਨਰਾਂ ਵੱਲੋ The Punjab Religious Premises and Land (Eviction and Rent Recovery) Act, 1997 ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ।

2. ਉਪਰੋਕਤ ਦੇ ਸਨਮੁੱਖ ਚਰਚ/ਮਿਸਨ ਦੀ ਕੋਈ ਵੀ ਜਾਇਦਾਦ ਵੇਚਣ ਦੀ ਪ੍ਰਵਾਨਗੀ ਲਈ ਇਤਰਾਜ ਹੀਣਤਾ ਸਰਟੀਫਿਕੇਟ ਜਾਰੀ ਕਰਨ ਲਈ ਕਮੇਟੀ ਦਾ ਗਠਨ ਕਰਨ ਦੀ ਕੋਈ ਉਚਿਤਿਤਾ ਨਹੀ ਜਾਪਦੀ ਹੈ।

ਸੁਪਰਡੰਟ ਗ੍ਰੇਡ-1

ਅਤਿ ਜ਼ਰੂਰੀ

ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਵਿਭਾਗ
(ਜਗੀਰ ਸਾਖਾ)

ਸੇਵਾ ਵਿਖੇ

1. ਰਾਜ ਦੇ ਸਮੂਹ ਮੰਡਲ ਕਮਿਸਨਰਜ।
2. ਰਾਜ ਦੇ ਸਮੂਹ ਡਿਪਟੀ ਕਮਿਸਨਰ।

ਮੀਮੋ ਨੰ: 5/1/2019-ਜ-1/1226-1252
ਚੰਡੀਗੜ੍ਹ, ਮਿਤੀ 25-1-2019

ਵਿਸ਼ਾ:- C.O.C.P No. 3949 of 2018 in Criminal Misc.No.M- 26928 of 2009 (O&M) titled as Anwar Masih V/s State of Punjab.

----

ਉਪਰੋਕਤ ਵਿਸੇ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Criminal Misc.No.M- 26928 of 2009 (O&M) ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਮਿਤੀ 24-9-2009 ਨੂੰ ਨਿਮਨ ਅਨੁਸਾਰ ਹੁਕਮ ਪਾਸ ਕੀਤੇ ਗਏ:-

> " Before parting with the order, I deem it appropriate to bring the matter to the notice of Chief Secretary, Punjab regarding the huge properties of the Churchs in Punjab, especially in bigger cities like Amritsar, Ludhiana and Jalandhar are being grabbed by the persons who are in-charge of the same. Many of them are with criminal background, as is even evident from the facts of the present case. A lot of civil and criminal litigation is pending regarding Church properties. Least the entire property, which is in fact meant for public good, is usurped by the undesired elements, protective steps are required to be taken by the State either to take over all these properties or make some alternative arrangements".

ਇਹਨਾਂ ਹੁਕਮਾਂ ਦੀ ਪਾਲਣਾ ਕਰਨ ਲਈ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 14-1-2019 ਨੂੰ ਮੀਟਿੰਗ ਹੋਈ ਸੀ। ਜਿਸ ਦੀ ਕਾਰਵਾਈ ਦੀ ਕਾਪੀ ਆਪ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਅਜਿਹੀ ਕਿਸੀ ਵੀ ਧਾਰਮਿਕ ਜਾਇਦਾਦ ਤੇ ਨਜਾਇਜ ਕਬਜਾ ਨਾ ਹੋਵੇ ਅਤੇ ਚਰਚ ਦੀਆਂ ਅਜਿਹੀਆਂ ਜਾਇਦਾਦਾਂ ਮਾਨਯੋਗ ਹਾਈ ਕੋਰਟ ਵਲੋਂ ਸੀ.ਆਰ.ਐਮ.ਐਮ ਨੰ: 26928 ਆਫ 2009 ਵਿੱਚ ਮਿਤੀ 24-9-2009 ਨੂੰ ਪਾਸ ਕੀਤੇ ਗਏ ਹੁਕਮਾਂ ਅਨੁਸਾਰ ਕਾਨੂੰਨੀ ਤੌਰ ਤੇ ਸੁੱਰਖਿਅਤ ਹੋਣੀਆਂ ਚਾਹੀਦੀਆਂ ਹਨ।

2. ਰਾਜ ਦੇ ਡਿਪਟੀ ਕਮਿਸਨਰਾਂ ਵੱਲੋਂ The Punjab Religious Premises and Land (Eviction and Rent Recovery) Act, 1997 ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਐਕਟ ਦਾ ਸਾਰ ਨਿਮਨ ਹੇਠ ਅਨੁਸਾਰ ਹੈ:-

"Section 2 (d) "Religious Institution," means any Gurudwara, temple, church, mosque, temple of Jains or Budhas-which is registered under the provisions of the Societies Registration Act, 1850 (Central Act No. XXI of 1860) or is established under any statute and includes any other place of worship by whatever name, it may be called, which is registered as aforesaid or is established under any statute;

"Section 2 (e) "religious premises," means any land whether used for agricultural or non-agricultural purposes.or any building or part of a building belonging to a Religious Institution and includes."

Section 4 and 5 of the said Act, deals with the eviction of unauthorized persons and Section 6 deals with power to recover damages in respect of religious premises are governed by the said Act, 1997.

ਇਸ ਨੂੰ ਪਰਮ ਅਗੇਤ ਦਿੰਦੇ ਹੋਏ ਇਨ੍ਹਾਂ ਹਦਾਇਤਾਂ ਦੀ ਇੰਨ ਬਿਨ ਪਾਲਣਾ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ ਮਾਲ(ਮ)

19

ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ
Punjab State Commission for Minorities
Forest Complex, Sector 68, S.A.S Nagar
Tel. 0172-2298094,Fax2298080 Email pb.minoritycomm@gmail.com

ਸੇਵਾ ਵਿਖੇ

ਵੱਧੀਕ ਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ,
ਮਾਲ, ਮੁੜਵਸੇਬਾ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ।
(ਜ਼ਗੀਰ ਸ਼ਾਖਾ)

ਮੀਮੋ ਨੰ: 01/03/2020/ਕਮਿਸ਼ਨ/ 501
ਮਿਤੀ 13/8/2020

ਵਿਸ਼ਾ:- ਚਰਚ ਪ੍ਰਾਪਰਟੀਜ਼ ਸਬੰਧੀ ਮਾਨਯੋਗ ਜੱਜ ਸ਼੍ਰੀ ਰਜੇਸ਼ ਬਿੰਦਲ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਮਿਤੀ 24-09-2009 ਨੂੰ ਪਾਸ ਕੀਤੇ ਹੁਕੱਮਾਂ ਨੂੰ ਲਾਗੂ ਕਰਨ ਸਬੰਧੀ।

--

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: 11/48/2019-ਜ-3/8591, ਮਿਤੀ 23-07-2020 ਦੇ ਹਵਾਲੇ ਵਿੱਚ।

2. ਆਪ ਜੀ ਨੂੰ ਕਮਿਸ਼ਨ ਦੇ ਪੱਤਰ ਨੰ: 01/03/2020/ਕਮਿਸ਼ਨ/285 ਮਿਤੀ 15-6-2020 ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਆਪ ਦੇ ਵਿਭਾਗ ਦੇ ਪੱਤਰ ਨੰ: 5/1/2019-ਜ-1/1226-1252 ਮਿਤੀ 25-1-2019 ਦੀਆਂ ਹਦਾਇਤਾਂ ਦੇ ਬਾਵਜੂਦ ਵੀ ਕਮਿਸ਼ਨ ਵਿੱਚ ਅਜਿਹੀਆਂ ਬਹੁੱਤ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ ਕਿ ਅਜੇ ਵੀ ਧਾਰਮਿਕ ਸੰਸਥਾਵਾਂ ਦੀਆਂ ਜਾਇਦਾਦਾਂ ਅਤੇ ਚਰਚ ਅਤੇ ਮਿਸ਼ਨਾਂ ਦੀ ਪ੍ਰੋਪਰਟੀਜ਼ ਤੇ ਨਜ਼ਾਇਜ਼ ਕਬਜ਼ੇ ਕਰਕੇ ਇਹਨ੍ਹਾ ਨੂੰ ਅਣਅਧਿਕਾਰਤ ਤਰੀਕੇ ਨਾਲ ਵੇਚਿਆ ਜਾ ਰਿਹਾ ਹੈ।

3. ਉਪਰੋਕਤ ਦੇ ਸਬੰਧ ਵਿੱਚ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਰਾਜ ਦੇ ਸਮੂਹ ਮੰਡਲ ਕਮਿਸ਼ਨਰਜ਼ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਨੂੰ ਹਦਾਇਤਾਂ ਕੀਤੀਆਂ ਜਾਣ ਕਿ ਕਿਸੇ ਵੀ ਚਰਚ ਜਾਂ ਮਿਸ਼ਨ ਦੀ ਪ੍ਰੋਪਰਟੀ ਦਾ ਵਸੀਕਾ/ ਰਜਿਸਟਰੀ ਕਰਨ ਤੋਂ ਪਹਿਲਾਂ ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਨੂੰ ਸੂਚਿਤ ਕਰਨਾ ਲਾਜ਼ਮੀ ਬਣਾਇਆ ਜਾਵੇ ।

Emmanuel Nahar

ਪ੍ਰੋ: ਇੰਮਾਨੂੰਏਲ ਨਾਹਰ,
ਚੇਅਰਮੈਨ
ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ

ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ
ਡਾਇਰੀ ਨੰ: 401 ਮਿਤੀ 31/8/20

20

ਪੰਜਾਬ ਸਰਕਾਰ
ਮਾਲ ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਜਗੀਰ ਸਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਮੰਡਲ ਕਮਿਸਨਰਜ।
ਰਾਜ ਦੇ ਸਮੂਹ ਡਿਪਟੀ ਕਮਿਸਨਰ ।

31/8/20

ਮੀਮੋ ਨੰ: 11/48/2019-ਜ-3/
ਚੰਡੀਗੜ੍ਹ, ਮਿਤੀ:

ਵਿਸਾ:- ਚਰਚ ਪ੍ਰਾਪਰਟੀਜ ਸਬੰਧੀ ਮਾਨਯੋਗ ਜੱਜ ਸ੍ਰੀ ਰਜੇਸ ਬਿੰਦਲ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋ ਮਿਤੀ 24.9.2009 ਨੂੰ ਪਾਸ ਕੀਤੇ ਹੁਕਮਾਂ ਨੂੰ ਲਾਗੂ ਕਰਨ ਸਬੰਧੀ।

ਉਪਰੋਕਤ ਵਿਸੇ ਸਬੰਧੀ ਆਪ ਨੂੰ ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀਆਂ ਕਮਿਸਨ ਤੋ ਪ੍ਰਾਪਤ ਪੱਤਰ ਨੰ:1/03/2020/ਕਮਿਸਨ/201, ਮਿਤੀ 13.8.2020 ਦੀ ਕਾਪੀ ਅਗਲੇਰੀ ਲੋੜੀਦੀ ਕਾਰਵਾਈ ਲਈ ਭੇਜੀ ਜਾਦੀ ਹੈ।

ਸੁਪਰਡੰਟ ਗ੍ਰੇਡ-1

ਪਿੱਠ ਅੰਕਣ ਨੰ:11/48/2019-ਜ-3/ 10768

ਚੰਡੀਗੜ੍ਹ, ਮਿਤੀ: 26-8-20

ਇਸ ਦਾ ਇੱਕ ਉਤਾਰਾ ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸਨ ਨੂੰ ਉਨਾਂ ਦੇ ਪੱਤਰ ਨੰ: 01/03/2020/ਕਮਿਸਨ/201, ਮਿਤੀ 13.8.2020 ਦੇ ਹਵਾਲੇ ਵਿੱਚ ਸੂਚਨਾਂ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ ਗ੍ਰੇਡ-1

Scanned with CamScanner